# ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ. ਸਿ) ਬਠਿੰਡਾ

E-Mail. id :deosebathinda@punjabeducation.gov.in

ਯਾਦ ਪੱਤਰ ਨੰ-1

ਵੱਲ

ਸਮੂਹ ਸਕੂਲ ਮੁੱਖੀ
ਸਸਸਸ/ਸਹਸ/ਸਮਿਸ
ਜਿਲ੍ਹਾ ਬਠਿੰਡਾ ।

ਪੱਤਰ ਨੰ:ਜੀ-1/1 ( ) 2023 / 5081
ਮਿਤੀ : 13/09/2023

ਵਿਸ਼ਾ : ਜਿਲ੍ਹੇ ਦੇ ਸਮੂਹ ਸਕੂਲ ਮੁੱਖੀਆਂ ਤੋਂ ਝੋਨੇ ਦੀ ਪਰਾਲੀ ਨੂੰ ਅੱਗ ਨਾ ਲਗਾਉਣ ਬਾਰੇ ਘੋਸ਼ਣਾ ਪੱਤਰ ਪ੍ਰਾਪਤ ਕਰਨ ਸਬੰਧੀ ।

ਹਵਾਲਾ : ਮਾਨਯੋਗ ਡਿਪਟੀ ਕਮਿਸ਼ਨਰ ਬਠਿੰਡਾ ਦੇ ਦਫਤਰ ਦੇ ਪੱਤਰ ਨੰ : 12012 ਮਿਤੀ : 18/07/2023 ਦੇ ਸਬੰਧ ਵਿਚ ।

ਉਪਰੋਕਤ ਵਿਸਾ ਹਵਾਲਾ ਅੰਕਿਤ ਦੇ ਸਬੰਧ ਵਿਚ ਸਮੂਹ ਸਕੂਲ ਮੁੱਖੀਆਂ ਨੂੰ ਲਿਖਿਆ ਜਾਂਦਾ ਹੈ ਕਿ ਹਵਾਲਾ ਅਧੀਨ ਪੱਤਰ ਰਾਹੀਂ ਝੋਨੇ ਦੀ ਪਰਾਲੀ ਨੂੰ ਅੱਗ ਨਾ ਲਗਾਉਣ ਬਾਰੇ ਸਵੈ ਘੋਸ਼ਣਾ ਸਬੰਧੀ ਪ੍ਰੋਫਾਰਮਾ ਇਸ ਦਫਤਰ ਨੂੰ ਪ੍ਰਾਪਤ ਹੋਇਆ ਹੈ । ਸੋ ਉਕਤ ਪ੍ਰੋਫਾਰਮੇ ਨੂੰ ਸਮੂਹ ਸਕੂਲਾਂ ਦੇ ਮੁੱਖੀਆਂ ਅਤੇ ਸਟਾਫ ਵੱਲੋਂ ਭਰਿਆ ਜਾਣਾ ਹੈ । ਜਿਸ ਸਬੰਧੀ ਸਮੂਹ ਸਕੂਲ ਮੁੱਖੀਆਂ ਨੂੰ ਸਵੈ ਘੋਸ਼ਣਾ ਦਾ ਪ੍ਰੋਫਾਰਮਾ ਮਿਤੀ: 21/07/2023 ਤੱਕ ਭਰਕੇ ਭੇਜਣ ਬਾਰੇ ਲਿਖਿਆ ਗਿਆ ਸੀ ਪ੍ਰੰਤੂ ਬਹੁਤ ਘੱਟ ਸਕੂਲਾਂ ਵੱਲੋਂ ਇਹ ਸੂਚਨਾ ਪ੍ਰਾਪਤ ਹੋਈ ਹੈ ।

ਸੋ ਸਮੂਹ ਸਕੂਲ ਮੁੱਖੀਆਂ ਨੂੰ ਫਿਰ ਤੋਂ ਸਖਤ ਹਦਾਇਤ ਕਰਦੇ ਹੋਏ ਲਿਖਿਆ ਜਾਂਦਾ ਹੈ ਕਿ ਸਵੈ ਘੋਸ਼ਣਾ ਦਾ ਪ੍ਰੋਫਾਰਮਾ ਭਰਕੇ ਜਲਦ ਤੋਂ ਜਲਦ ਇਸ ਦਫਤਰ ਵਿਖੇ **ਦਸਤੀ** ( Hard copy ) ਤੌਰ ਤੇ ਜਮ੍ਹਾਂ ਕਰਵਾਇਆ ਜਾਵੇ ਤਾਂ ਜੋ ਇਸ ਦੀ ਸੂਚਨਾ ਮੁੱਖ ਖੇਤੀਬਾੜੀ ਦਫਤਰ ਨੂੰ ਭੇਜੀ ਜਾ ਸਕੇ । ਸਵੈ ਘੋਸ਼ਣਾ ਦਾ ਪ੍ਰੋਫਾਰਮਾ **ਮਿਤੀ : 14/07/2023 ਨੂੰ ਦੁਪਹਿਰ 3:00 ਵਜ਼ੇ ਤੱਕ** ਜਮ੍ਹਾ ਕਰਵਾਉਣਾ ਯਕੀਨੀ ਬਣਾਇਆ ਜਾਵੇ। ਸਵੈ ਘੋਸ਼ਣਾ ਦਾ ਪ੍ਰੋਫਾਰਮਾ ਜਮ੍ਹਾਂ ਕਰਵਾਉਣ ਦੀ ਨਿਰੋਲ ਜਿੰਮੇਵਾਰੀ ਸਬੰਧਤ ਸਕੂਲ ਮੁੱਖੀ ਦੀ ਹੋਵੇਗੀ । ਜੇਕਰ ਸਵੈ ਘੋਸ਼ਣਾ ਦਾ ਪ੍ਰੋਫਾਰਮਾ ਨਿਸ਼ਚਿਤ ਮਿਤੀ: 14/09/2023 ਤੱਕ ਜਮ੍ਹਾਂ ਨਾ ਕਰਵਾਇਆ ਗਿਆ ਤਾਂ ਸਬੰਧਤ ਸਕੂਲ ਦੀ ਸੂਚਨਾ ਨਿਲ ਸਮਝੀ ਜਾਵੇਗੀ ।

**ਨੱਥੀ : ਸਵੈ ਘੋਸ਼ਣਾ ਦਾ ਪ੍ਰੋਫਾਰਮਾ ।**

13/9/23

ਜਿਲ੍ਹਾ ਸਿੱਖਿਆ ਅਫਸਰ (ਸੈ. ਸਿ)
ਬਠਿੰਡਾ ।

## ਸਵੈ ਘੋਸ਼ਣਾ

ਮੈਂ ______________________________ ਪੁੱਤਰ/ਪਤਨੀ ਸ਼੍ਰੀ ____________________

ਪਿੰਡ ______________________________ ਬਲਾਕ ______________ ਜ਼ਿਲ੍ਹਾ__________

ਦਾ ਰਹਿਣ ਵਾਲਾ/ਵਾਲੀ ਹਾਂ।

ਮੈਂ ਬਿਆਨ ਕਰਦਾ/ਕਰਦੀ ਹਾਂ ਕਿ

- ਮੈਂ ______________________________ ਵਿਭਾਗ ਵਿੱਚ ਬਤੌਰ ______________ ਕੰਮ ਕਰ ਰਿਹਾ/ਰਹੀ ਹਾਂ।
- ਮੈਂ ਸਾਉਣੀ 20______________ ਦੌਰਾਨ ਪਿੰਡ____________________ (ਖਸਰਾ ਨੰ:______________) ______ ਏਕੜ ਵਿੱਚ ਝੋਨੇ ਦੀ ਕਾਸ਼ਤ ਕੀਤੀ ਹੈ।
- ਮੈਂ ਸਾਉਣੀ 20______________ ਦੌਰਾਨ ਪਿੰਡ____________________ (ਖਸਰਾ ਨੰ:______________) ______ ਏਕੜ ਜਮੀਨ ਠੇਕੇ ਉਪਰ ਦਿੱਤੀ ਹੈ ਜਿਸ ਵਿੱਚ ਵਿੱਚ ਝੋਨੇ ਦੀ ਕਾਸ਼ਤ ਕੀਤੀ ਗਈ ਹੈ।
- ਮੈਂ ਨਾ ਹੀ ਆਪਣੀ ਜਮੀਨ ਵਿੱਚ ਝੋਨੇ ਦੀ ਪਰਾਲੀ ਨੂੰ ਅੱਗ ਲਵਾਂਗਾ/ਲਵਾਂਗੀ ਅਤੇ ਨਾਂ ਹੀ ਠੇਕੇ ਉਪਰ ਦਿੱਤੀ ਜਮੀਨ ਵਿੱਚ ਝੋਨੇ ਦੀ ਪਰਾਲੀ ਨੂੰ ਅੱਗ ਲੱਗਣ ਦੇਵਾਂਗਾ/ਦੇਵਾਂਗੀ।
- ਮੈਂ ਮਾਣਯੋਗ ਨੈਸ਼ਨਲ ਗਰੀਨ ਟ੍ਰਿਬਿਊਨਲ, ਨਵੀਂ ਦਿੱਲੀ ਵੱਲੋਂ ਝੋਨੇ ਦੀ ਪਰਾਲੀ ਦੀ ਸੁਚੱਜੀ ਸੰਭਾਲ ਸਬੰਧੀ ਦਿੱਤੀਆਂ ਗਈਆਂ ਸਾਰੀਆਂ ਹਦਾਇਤਾਂ ਦੀ ਪਾਲਣਾ ਕਰਾਂਗਾ/ਕਰਾਂਗੀ।
- ਮੈਨੂੰ ਇਹ ਜਾਣਕਾਰੀ ਹੈ ਕਿ ਜੇਕਰ ਮੈਂ ਆਪਣੀ ਜਮੀਨ ਵਿੱਚ ਝੋਨੇ ਦੀ ਪਰਾਲੀ ਨੂੰ ਅੱਗ ਲਵਾਂਗਾ/ਲਵਾਂਗੀ ਜਾਂ ਠੇਕੇ ਉਪਰ ਦਿੱਤੀ ਜਮੀਨ ਵਿੱਚ ਝੋਨੇ ਦੀ ਪਰਾਲੀ ਨੂੰ ਅੱਗ ਲੱਗਣ ਦੇਵਾਂਗਾ/ਦੇਵਾਂਗੀ ਤਾਂ ਸਰਕਾਰੀ ਅਧਿਕਾਰੀ/ਕਰਮਚਾਰੀ ਹੋਣ ਦੇ ਨਾਤੇ ਮੇਰੇ ਖਿਲਾਫ਼ ਵਿਭਾਗੀ ਕਾਰਵਾਈ ਕੀਤੀ ਜਾ ਸਕਦੀ ਹੈ ਅਤੇ ਕਾਨੂੰਨੀ ਕਾਰਵਾਈ ਵੀ ਕੀਤੀ ਜਾ ਸਕਦੀ ਹੈ।

(____________________)

ਅਧਿਕਾਰੀ/ਕਰਮਚਾਰੀ/ਕਾਸ਼ਤਕਾਰ ਦੇ ਹਸਤਾਖਰ

ਮੋਬਾਇਲ ਨੰ: ____________________

CS CamScanner